# ਆਕਾਸ਼ਵਾਣੀ ਜਲੰਧਰ

## ਰਾਸ਼ਟਰੀ ਖਬਰਾਂ ਪੰਜਾਬੀ

**01:40**

**ਮਿਤੀ: 07-11-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਿਸੇ ਮੁਲਾਜ਼ਮ ਦੀ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਨਾ ਤਾਂ ਸਜ਼ਾ ਯੋਗ ਹੈ ਅਤੇ ਨਾ ਹੀ ਇਹ ਮੁਲਾਜ਼ਮ ਵੱਲੋਂ ਦੁਰਵਿਹਾਰ ਵੱਲੋਂ ਦਰਸਾਉਂਦੀ ਹੈ।
- ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਹੈ ਕਿ ਸਰਕਾਰ ਦਾ ਉਦੇਸ਼ ਭਾਰਤ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਆਲਮੀ ਆਗੂ ਬਣਾਉਣਾ ਹੈ।
- ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਅੱਜ ਦਸਵੰਧੀ ਬੋਤਸਵ ਮਨਾਇਆ ਜਾ ਰਿਹਾ ਹੈ, ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਮੁੱਖ ਮਹਿਮਾਨ ਹੋਣਗੇ।
- ਅੱਜ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਜਾ ਰਿਹਾ ਹੈ।

- ਅਤੇ ਕ੍ਰਿਕਟ ਵਿੱਚ ਨਿਊਜ਼ੀਲੈਂਡ ਵਿੱਚ ਵੈਲਿੰਗਟਨ ਵਿਖੇ ਖੇਡੇ ਜਾ ਰਹੇ ਦੂਜੇ ਇੱਕ ਰੋਜ਼ਾ ਮੈਚ ਵਿੱਚ ਭਾਰਤ ਨੂੰ 135 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

**ਹਣ ਖ਼ਬਰਾਂ ਵਿਸਥਾਰ ਨਾਲ -**

---

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਿਸੇ ਮੁਲਾਜ਼ਮ ਦੀ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਨਾ ਤਾਂ ਸਜ਼ਾ ਯੋਗ ਹੈ ਅਤੇ ਨਾ ਹੀ ਇਹ ਮੁਲਾਜ਼ਮ ਵੱਲੋਂ ਦੁਰਵਿਹਾਰ ਦਿਲ ਸਾਹਮਣੇ ਦਰਸਾਉਂਦੀ ਹੈ। ਜਸਟਿਸ ਮਨਮੋਹਨ ਅਤੇ ਚੰਦਰਸ਼ੇਖਰ ਦੀ ਬੈਂਚ ਨੇ ਛੱਤੀਸਗੜ੍ਹ ਸਰਕਾਰ ਦੇ 14 ਵਿੱਚੋਂ ਪੰਜ ਮੁਲਾਜ਼ਮਾਂ ਨੂੰ ਲਾਜ਼ਮੀ ਤੌਰ 'ਤੇ ਸੇਵਾ ਮੁਕਤ ਕਰਨ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਕਿਹਾ ਹੈ ਕਿ ਅਜਿਹੇ ਫ਼ੈਸਲੇ ਮੁਲਾਜ਼ਮਾਂ ਦੇ ਸਮੁੱਚੇ ਸੇਵਾ ਰਿਕਾਰਡ, ਕਾਰਜਗੁਜ਼ਾਰੀ ਅਤੇ ਇਮਾਨਦਾਰੀ ਦੇ ਆਧਾਰ ਤੇ ਅਤੇ ਜਨਤਕ ਹਿੱਤ ਵਿੱਚ ਲਏ ਜਾਂਦੇ ਨੇ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਵੀ ਮੁਲਾਜ਼ਮ ਆਪਣੀ ਲਾਜ਼ਮੀ ਸੇਵਾ ਮੁਕਤੀ ਨੂੰ ਇਸ ਆਧਾਰ ਤੇ ਚੁਣੌਤੀ ਨਹੀਂ ਦੇ ਸਕਦਾ ਕਿ ਸਮਾਨ ਰਿਕਾਰਡ ਵਾਲੇ ਕਿਸੇ ਹੋਰ ਮੁਲਾਜ਼ਮ ਨੂੰ ਲਾਜ਼ਮੀ ਸੇਵਾ ਮੁਕਤੀ ਨਹੀਂ ਦਿੱਤੀ ਗਈ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਅਜਿਹੇ ਮਾਮਲਿਆਂ ਵਿੱਚ ਅਦਾਲਤ ਦਾ ਦਖ਼ਲ ਸਿਰਫ਼ ਉਦੋਂ ਹੀ ਜਾਇਜ਼ ਹੈ ਜਦੋਂ ਸੇਵਾ ਮੁਕਤੀ ਦਾ ਹੁਕਮ ਬਿਨਾਂ ਕਿਸੇ ਸਬੂਤ ਦੇ, ਬਦਨੀਤੀ ਨਾਲ ਅਤੇ ਇੱਕ ਪਾਸੜ ਤੌਰ 'ਤੇ ਦਿੱਤਾ ਗਿਆ ਹੋਵੇ।

---

ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਹੈ ਕਿ ਭਾਰਤ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਐਪਲੀਕੇਸ਼ਨਾਂ ਦੇ ਖੇਤਰ ਵਿੱਚ ਇੱਕ ਆਲਮੀ ਆਗੂ ਬਣਾਉਣ ਲਈ ਯਤਨ ਕੀਤੇ ਜਾ ਰਹੇ ਨੇ। ਕੱਲ੍ਹ ਨਵੀਂ ਦਿੱਲੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਖੇਤੀਬਾੜੀ, ਸਿਹਤ ਸੰਭਾਲ ਅਤੇ ਸਿੱਖਿਆ ਸਮੇਤ ਕਈ ਖੇਤਰਾਂ ਵਿੱਚ AI ਦੀ ਵਰਤੋਂ ਦਾ ਪਸਾਰ ਕੀਤਾ ਜਾ ਰਿਹਾ ਹੈ। ਭਾਰਤੀ ਕੰਪਨੀਆਂ AI ਆਧਾਰਿਤ ਐਪਲੀਕੇਸ਼ਨਾਂ ਦੇ ਵਿਕਾਸ ਵਿੱਚ ਵੀ ਅੱਗੇ ਵੱਧ ਰਹੀਆਂ ਨੇ। ਸ਼੍ਰੀ ਵੈਸ਼ਨਵ ਨੇ ਕਿਹਾ ਕਿ ਸੈਮੀਕਾਨ ਦੇ ਦੂਜੇ ਪੜਾਅ ਲਈ ਵੈੱਬ ਐਪਲੀਕੇਸ਼ਨ ਪੋਰਟਲ ਲਾਂਚ ਕੀਤਾ ਗਿਆ ਹੈ, ਜਿਸ ਨਾਲ ਸੈਮੀਕੰਡਕਟਰ ਸੰਨਤ ਵਿੱਚ ਕੰਪਨੀਆਂ ਅਰਜ਼ੀ ਦੇ ਸਕਦੀਆਂ ਨੇ।

---

ਭਾਰਤ ਅਤੇ ਯੂਰਪੀਅਨ ਯੂਨੀਅਨ ਨੇ ਹੋਰਾਈਜ਼ਨ ਯੂਰਪ ਪ੍ਰੋਗਰਾਮ ਵਿੱਚ ਭਾਰਤ ਦੀ ਹਿੱਸੇਦਾਰੀ ਸੰਬੰਧੀ ਗੱਲਬਾਤ ਸਫ਼ਲਤਾ ਨਾਲ ਪੂਰੀ ਕਰ ਲਈ ਹੈ। ਯੂਰਪੀ ਸੰਘ ਦਾ 93 ਅਰਬ 50 ਕਰੋੜ ਯੂਰੋ ਦਾ EU ਦਾ ਪ੍ਰਮੁੱਖ ਖੋਜ ਅਤੇ ਨਵੀਨਤਾ ਪ੍ਰੋਗਰਾਮ ਹੈ। ਇਸ ਸਮਝੌਤੇ ਤਹਿਤ ਭਾਰਤੀ ਖੋਜਕਰਤਾਵਾਂ, ਕੰਪਨੀਆਂ ਅਤੇ ਖੋਜ ਸੰਸਥਾਵਾਂ ਨੂੰ ਸਿੱਧੀ ਫੰਡਿੰਗ ਪ੍ਰਾਪਤ ਹੋਏਗੀ।

---

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਰਾਸ਼ਟਰੀ ਗੀਤ ਵੰਦੇ ਮਾਤਰਮ ਦੀ 151ਵੀਂ ਵਰ੍ਹੇਗੰਢ ਤੇ ਰਾਸ਼ਟਰ ਨੂੰ ਵਧਾਈ ਦਿੱਤੀ ਹੈ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਰਾਸ਼ਟਰਪਤੀ ਨੇ ਕਿਹਾ ਕਿ ਆਜ਼ਾਦੀ ਅੰਦੋਲਨ ਦੌਰਾਨ ਵੰਦੇ ਮਾਤਰਮ ਦੇਸ਼ ਭਗਤਾਂ ਲਈ ਹਿੰਮਤ, ਏਕਤਾ ਅਤੇ ਦ੍ਰਿੜਤਾ ਦਾ ਨਾਅਰਾ ਬਣ ਗਿਆ। ਉਨ੍ਹਾਂ ਕਿਹਾ ਕਿ ਅੱਜ ਵੀ ਇਹ ਰਾਸ਼ਟਰੀ ਪਛਾਣ, ਸਵੈਮਾਨ ਅਤੇ ਮਾਤਭੂਮੀ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ। ਰਾਸ਼ਟਰਪਤੀ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਵੰਦੇ ਮਾਤਰਮ ਵਿੱਚ ਪਹਿਲਾਂ ਸ਼ਾਮਲ ਰਾਸ਼ਟਰ ਦੀ ਭਾਵਨਾ ਨੂੰ ਅਪਣਾਉਣ ਅਤੇ ਦੇਸ਼ ਨੂੰ ਮਜ਼ਬੂਤ ਅਤੇ ਤਰੱਕੀ ਵਿੱਚ ਯੋਗਦਾਨ ਪਾਉਣ।

---

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰੀ ਗੀਤ ਵੰਦੇ ਮਾਤਰਮ ਦੀ 151ਵੀਂ ਵਰ੍ਹੇਗੰਢ ਤੇ ਰਾਸ਼ਟਰ ਨੂੰ ਵਧਾਈਆਂ ਦਿੱਤੀਆਂ ਨੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਸ਼੍ਰੀ ਬਿਰਲਾ ਨੇ ਕਿਹਾ ਕਿ ਵੰਦੇ ਮਾਤਰਮ ਦੇਸ਼ ਦੀ ਰਾਸ਼ਟਰੀ ਚੇਤਨਾ, ਸਵੈਮਾਨ ਅਤੇ ਏਕਤਾ ਦਾ ਪ੍ਰਤੀਕ ਬਣਿਆ ਹੋਇਆ ਹੈ।

---

ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਅੱਜ ਦਸਵੰਧੀ ਦੀਪੋਤਸਵ ਮਨਾਇਆ ਜਾ ਰਿਹਾ ਹੈ। ਸਾਡੇ ਪੱਤਰਕਾਰ ਨੇ ਦੱਸਿਆ ਹੈ ਕਿ ਇਸ ਸਾਲ ਦੀਪੋਤਸਵ ਵਿੱਚ ਭਾਰਤ ਅਤੇ ਵਿਦੇਸ਼ ਦੇ ਕਈ ਉੱਤਈ ਹਜ਼ਾਰ ਕਲਾਕਾਰ ਰਾਮਲੀਲਾ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ। ਤਿਉਹਾਰ ਦੇ

ਮੁੱਖ ਸਥਾਨ ਰਾਮ ਦੀ ਪੈੜੀ ਵਿਖੇ 35 ਹਜ਼ਾਰ ਤੋਂ ਵੱਧ ਵਾਲੰਟੀਅਰਾਂ ਦੀ ਮਦਦ ਨਾਲ 30 ਲੱਖ ਤੋਂ ਵੱਧ ਦੀਪ ਰੱਖੇ ਗਏ ਨੇ। ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਇਸ ਮੌਕੇ ਮੁੱਖ ਮਹਿਮਾਨ ਹੋਣਗੇ। ਰਾਜਪਾਲ ਆਨੰਦੀਬੇਨ ਪਟੇਲ, ਵੱਖ-ਵੱਖ ਦੇਸ਼ਾਂ ਦੇ ਰਾਜਦੂਤ ਅਤੇ ਹੋਰ ਵਿਸ਼ੇਸ਼ ਮਹਿਮਾਨ ਵੀ ਮੌਜੂਦ ਰਹਿਣਗੇ।

---

ਰੱਖਿਆ ਮੰਤਰੀ ਰਾਜਨਾਥ ਸਿੰਘ ਕੱਲ੍ਹ ਸਿੱਕਮ ਦਾ ਦੌਰਾ ਕਰਨਗੇ। ਆਪਣੀ ਯਾਤਰਾ ਦੌਰਾਨ ਉਹ ਭਾਰਤ-ਚੀਨ ਸਰਹੱਦ ਤੇ ਤਾਇਨਾਤ ਫ਼ੌਜੀਆਂ ਨਾਲ ਦੀਵਾਲੀ ਮਨਾਉਣਗੇ। ਸ਼੍ਰੀ ਸਿੰਘ ਦੇਸ਼ ਦੀ ਰੱਖਿਆ ਵਿੱਚ ਸਰਵੋਤਮ ਕੁਰਬਾਨੀ ਦੇਣ ਵਾਲੇ ਬਹਾਦਰ ਫ਼ੌਜੀਆਂ ਨੂੰ ਸ਼ਰਧਾਂਜਲੀ ਦੇਣ ਲਈ ਨਾਥੂਲਾ ਨੇੜੇ ਸ਼ੇਰਥਾਂਗ ਜੰਗੀ ਯਾਤਾਰ ਦਾ ਦੌਰਾ ਕਰਨਗੇ। ਫ਼ਿਰੋਜ਼ ਸਰਹੱਦ ਤੇ ਤਾਇਨਾਤ ਫ਼ੌਜੀਆਂ ਨਾਲ ਗੱਲਬਾਤ ਕਰਨਗੇ।

---

ਰੇਲਵੇ ਮੰਤਰਾਲੇ ਨੇ ਦਿਵਾਲੀ ਅਤੇ ਛੱਡ ਦੌਰਾਨ ਯਾਤਰੀਆਂ ਦੀ ਭੀੜ ਨੂੰ ਸੰਭਾਲਣ ਲਈ ਤਿਆਰੀਆਂ ਕੀਤੀਆਂ ਨੇ। ਰੇਲਵੇ ਤਿਉਹਾਰਾਂ ਦੌਰਾਨ ਕਰੀਬ 18 ਹਜ਼ਾਰ ਵਿਸ਼ੇਸ਼ ਰੇਲਗੱਡੀਆਂ ਚਲਾ ਰਿਹਾ ਹੈ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕੱਲ੍ਹ ਸ਼ਾਮ ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਆਪਣੇ ਨਿਰੀਖਣ ਦੌਰਾਨ ਇਹ ਜਾਣਕਾਰੀ ਦਿੱਤੀ। ਪਿਛਲੇ ਸਾਲ ਤਿਉਹਾਰਾਂ ਦੌਰਾਨ ਰਿਕਾਰਡ ਤੋੜ 12 ਹਜ਼ਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਗਈਆਂ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਵਿਸ਼ੇਸ਼ ਰੇਲਗੱਡੀਆਂ ਨੂੰ

ਇਸ ਸਾਲ ਅਤੇ ਉਸ ਤੋਂ ਬਾਅਦ ਨਿਯਮਤ ਰੇਲਗੱਡੀਆਂ ਵਿੱਚ ਬਦਲ ਦਿੱਤਾ ਗਿਆ ਹੈ, ਜਿਸ ਵਿੱਚ ਵਾਧੂ ਰੇਲਗੱਡੀਆਂ ਵੀ ਚਲਾਈਆਂ ਗਈਆਂ ਨੇ। ਇਸ ਸਾਲ ਦਿਵਾਲੀ, ਛੱਡ ਅਤੇ ਦੁਰਗਾ ਪੂਜਾ ਦੇ ਤਿਉਹਾਰਾਂ ਦੇ ਪੂਰੇ ਸਮੇਂ ਲਈ ਕਰੀਬ 18 ਹਜ਼ਾਰ ਵਿਸ਼ੇਸ਼ ਰੇਲਗੱਡੀਆਂ ਦੀ ਯੋਜਨਾ ਹੈ। ਸ਼੍ਰੀ ਵੈਸ਼ਨਵ ਨੇ ਕਿਹਾ ਕਿ ਯਾਤਰੀਆਂ ਦੀ ਭੀੜ ਨੂੰ ਸੰਭਾਲਣ ਲਈ ਪ੍ਰਮੁੱਖ ਰੇਲਵੇ ਸਟੇਸ਼ਨਾਂ ਤੇ ਰੇਲਵੇ ਸੁਰੱਖਿਆ ਬਲ ਦੇ ਜਵਾਨ ਤਾਇਨਾਤ ਕੀਤੇ ਗਏ ਨੇ ਅਤੇ AI ਸਮਰੱਥ ਕੈਮਰੇ ਵੀ ਲਾਏ ਗਏ ਨੇ।

---

**ਇਹ ਖ਼ਬਰਾਂ ਤੁਸੀਂ ਆਕਾਸ਼ਵਾਣੀ ਤੋਂ ਸੁਣ ਰਹੇ ਹੋ, ਸਾਡਾ ਐਕਸ ਹੈਂਡਲ @AIRNewsJalandhar।**

---

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਭਾਰਤ ਰਤਨ ਸੀ. ਸੁਬਰਾਮਣਯਮ ਨੂੰ ਉਨ੍ਹਾਂ ਦੀ ਬਰਸੀ ਤੇ ਸ਼ਰਧਾਂਜਲੀ ਭੇਟ ਕੀਤੀ ਹੈ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਉਪ ਰਾਸ਼ਟਰਪਤੀ ਨੇ ਕਿਹਾ ਕਿ ਸੁਬਰਾਮਣਯਮ ਨੇ ਆਜ਼ਾਦੀ ਤੋਂ ਬਾਅਦ ਤਾਮਿਲਨਾਡੂ ਸਰਕਾਰ ਅਤੇ ਕੇਂਦਰ ਸਰਕਾਰ ਦੋਵਾਂ ਵਿੱਚ ਵੱਖ-ਵੱਖ ਮਹੱਤਵਪੂਰਨ ਅਹੁਦਿਆਂ ਤੇ ਕੰਮ ਕੀਤਾ, ਜਨਤਕ ਪ੍ਰਸ਼ਾਸਨ ਵਿੱਚ ਸ਼ਾਨਦਾਰ ਯੋਗਦਾਨ ਪਾਇਆ। ਸ਼੍ਰੀ ਰਾਧਾਕ੍ਰਿਸ਼ਨਨ ਨੇ ਇਹ ਵੀ ਕਿਹਾ ਕਿ ਸੁਬਰਾਮਣਯਮ ਦੇ ਦ੍ਰਿਸ਼ਟੀਕੋਣ ਅਤੇ ਯਤਨਾਂ ਨੇ ਭਾਰਤ ਦੀ ਖੁਰਾਕ ਸੁਰੱਖਿਆ ਅਤੇ ਦੁਨੀਆ ਦੇ ਮੋਹਰੀ ਦੁੱਧ ਉਤਪਾਦਕ ਬੱਚੋਂ ਇਸ ਤੋਂ ਉੱਠਣ ਲਈ ਇੱਕ ਮਜ਼ਬੂਤ ਨੀਂਹ ਰੱਖੀ।

---

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜਗਤ ਪ੍ਰਕਾਸ਼ ਨੱਡਾ ਨੇ ਜਨਤਾ ਨੂੰ ਕੈਂਸਰ ਦੀ ਰੋਕਥਾਮ ਇਸ ਦੇ ਸ਼ੁਰੂਆਤੀ ਲੱਛਣਾਂ ਨੂੰ ਪਛਾਣਨ ਅਤੇ ਸਮੇਂ ਸਿਰ ਇਲਾਜ ਦੀ ਮੰਗ ਕਰਨ ਬਾਰੇ ਜਾਗਰੂਕਤਾ ਵਧਾਉਣ ਦੀ ਅਪੀਲ ਕੀਤੀ ਹੈ। ਅੱਜ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਤੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਉਨ੍ਹਾਂ ਕਿਹਾ ਕਿ ਜਾਗਰੂਕਤਾ ਵਧਾਉਣਾ ਅਤੇ ਸਮੇਂ ਸਿਰ ਜਾਂਚ ਕੈਂਸਰ ਦਾ ਮੁਕਾਬਲਾ ਕਰਨ ਲਈ ਬੇਹੱਦ ਜ਼ਰੂਰੀ ਹੈ। ਸ਼੍ਰੀ ਨੱਡਾ ਨੇ ਕਿਹਾ ਕਿ ਮੂੰਹ, ਛਾਤੀ ਅਤੇ ਸਰਵਿਕਲ ਕੈਂਸਰ ਆਮ ਨੇ ਅਤੇ ਇਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਲੋਕਾਂ ਨੂੰ ਤੰਬਾਕੂ ਅਤੇ ਸ਼ਰਾਬ ਤੋਂ ਬਚਣ, ਨਿਯਮਤ ਤੌਰ ਤੇ ਕਸਰਤ ਕਰਨ, ਸਿਹਤਮੰਦ ਖੁਰਾਕ ਬਣਾਈ ਰੱਖਣ ਅਤੇ ਜੇਕਰ ਉਨ੍ਹਾਂ ਨੂੰ ਕੋਈ ਅਸਧਾਰਨ ਲੱਛਣ ਨਜ਼ਰ ਆਉਂਦੇ ਨੇ ਤਾਂ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਹੈ। ਸ਼੍ਰੀ ਨੱਡਾ ਨੇ ਲੋਕਾਂ ਨੂੰ ਕੈਂਸਰ ਦੀ ਜਾਂਚ ਲਈ ਆਪਣੇ ਨਜ਼ਦੀਕੀ ਆਯੁਸ਼ਮਾਨ ਆਰੋਗਯ ਮੰਦਿਰ ਜਾਂ ਸਿਹਤ ਕੇਂਦਰ ਜਾਣ ਦੀ ਅਪੀਲ ਕੀਤੀ ਹੈ।

---

ਕੇਂਦਰੀ ਮੰਤਰੀ ਕਿਰਨ ਰੀਜੀਜੂ ਨੇ ਸਾਊਦੀ ਅਰਬ ਦੇ ਜੇਦਾਹ ਵਿੱਚ ਅਲ ਰਹਮਾ ਮਸਜਿਦ ਦਾ ਦੌਰਾ ਕੀਤਾ, ਜਿਸ ਨੂੰ ਫਲੋਟਿੰਗ ਮਸਜਿਦ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਮਸਜਿਦ ਨੂੰ ਅਧਿਆਤਮਿਕਤਾ ਦਾ ਪ੍ਰਤੀਕ, ਪਵਨ ਨਿਰਮਾਣ ਕਲਾ ਦੀ ਇੱਕ ਵਿਲੱਖਣ ਮਿਸਾਲ ਅਤੇ ਸਾਊਦੀ ਅਰਬ ਦੀ ਇੱਕ ਅਮੀਰ ਇਸਲਾਮੀ ਵਿਰਸਾ ਦੱਸਿਆ। ਸ਼੍ਰੀ

ਰੀਜੀਜੂ ਕੱਲ੍ਹ ਛੇਵੀਂ ਹੱਜ ਕਾਨਫਰੰਸ ਅਤੇ ਪ੍ਰਦਰਸ਼ਨੀ ਵਿੱਚ ਸ਼ਾਮਲ ਹੋਣ ਅਤੇ ਸਾਊਦੀ ਅਰਬ ਨਾਲ ਹੱਜ ਸਮਝੌਤੇ ਤੇ ਦਸਤਖ਼ਤ ਕਰਨ ਲਈ ਜੇਦਾਹ ਪਹੁੰਚੇ ਸਨ। ਉਹ ਅਗਲੇ ਸਾਲ ਹੱਜ ਕਰਨ ਵਾਲੇ ਭਾਰਤੀਆਂ ਲਈ ਇੱਕ ਸੁਰੱਖਿਅਤ ਅਤੇ ਨਿਰਵਿਘਨ ਯਾਤਰਾ ਦੀਆਂ ਤਿਆਰੀਆਂ ਦੀ ਸਮੀਖਿਆ ਵੀ ਕਰਨਗੇ। ਇਸ ਤੋਂ ਪਹਿਲਾਂ ਸਾਊਦੀ ਅਰਬ ਵਿੱਚ ਭਾਰਤ ਦੇ ਰਾਜਦੂਤ ਸ਼੍ਰੀ ਵਿਪੁਲ ਨੇ ਹੱਜ ਯਾਤਰਾ ਦਾ ਤਾਲਮੇਲ ਕਰਨ ਲਈ ਸਾਊਦੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਜੇਦਾਹ ਵਿੱਚ ਹੱਜ ਟਰਮੀਨਲ ਅਤੇ ਹਰਮਾਈਨ ਹਾਈ ਸਪੀਡ ਰੇਲਵੇ ਸਟੇਸ਼ਨ ਦਾ ਵੀ ਦੌਰਾ ਕੀਤਾ ਜੋ ਲੱਖਾਂ ਭਾਰਤੀ ਸ਼ਰਧਾਲੂਆਂ ਦੀ ਆਵਾਜ਼ਾਈ ਲਈ ਮਹੱਤਵਪੂਰਨ ਕੇਂਦਰ ਨੇ।

---

ਭਾਰਤੀ ਸਫ਼ਾਰਤੀ ਅਧਿਕਾਰੀ ਸ਼ਿਵਾਨੀ ਗੁਪਤਾ ਨੂੰ 2027 ਤੋਂ 29 ਦੇ ਕਾਰਜਕਾਲ ਲਈ ਸੰਯੁਕਤ ਰਾਸ਼ਟਰ ਦੀ ਪ੍ਰਬੰਧਕੀ ਅਤੇ ਬਜਟਰੀ ਪ੍ਰਸ਼ਨਾਂ ਬਾਰੇ ਸਲਾਹਕਾਰ ਕਮੇਟੀ ACABQ ਲਈ ਚੁਣਿਆ ਗਿਆ ਹੈ। ਅਗਲੇ ਸਾਲ ਜਨਵਰੀ ਵਿੱਚ ਆਪਣਾ ਤਿੰਨ ਸਾਲ ਦਾ ਕਾਰਜਕਾਲ ਸੰਭਾਲਣਗੇ। ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਨੇ ਉਨ੍ਹਾਂ ਦੀ ਚੋਣ ਵਿੱਚ ਹਮਾਇਤ ਅਤੇ ਵਿਸ਼ਵਾਸ ਲਈ ਸਾਰੇ ਮੈਂਬਰ ਦੇਸ਼ਾਂ ਦਾ ਧੰਨਵਾਦ ਕੀਤਾ ਹੈ। ACABQ ਸੰਯੁਕਤ ਰਾਸ਼ਟਰ ਮਹਾਸਭਾ ਦੀ ਇੱਕ ਸਹਾਇਕ ਸੰਸਥਾ ਹੈ, ਜਿਸ ਵਿੱਚ ਤਿੰਨ ਸਾਲਾਂ ਦੇ ਕਾਰਜਕਾਲ ਲਈ ਚੁਣੇ ਗਏ 21 ਮੈਂਬਰ ਸ਼ਾਮਲ ਨੇ। ਕਮੇਟੀ ਮੈਂਬਰ ਦੇਸ਼ਾਂ ਵੱਲੋਂ ਯੋਗਦਾਨਾਂ

ਦੀ ਜਵਾਬਦੇਹੀ ਅਤੇ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਲਈ ਪ੍ਰਬੰਧਕੀ ਅਤੇ ਬਜਟਰੀ ਮਾਮਲਿਆਂ ਅਤੇ ਸਰੋਤ ਤਵੀਜ਼ਾਂ ਦੀ ਜਾਂਚ ਕਰਦੀ ਹੈ।

---

ਭਾਰਤੀ ਹਵਾਈ ਫ਼ੌਜ ਦਾ ਆਈ.ਐੱਲ. 76 ਐੱਮ.ਡੀ. ਹੈਵੀ ਲਿਫਟ ਟਰਾਂਸਪੋਰਟ ਜਹਾਜ਼ 13,629 ਫੁੱਟ ਦੀ ਉਚਾਈ ਤੇ ਲੱਦਾਖ ਦੇ ਨਿਓਮਾ ਏਅਰਫੀਲਡ ਤੇ ਸਫ਼ਲਤਾ ਨਾਲ ਉੱਤਰਿਆ ਹੈ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਆਈ.ਐੱਲ. 76 ਐੱਮ.ਡੀ. ਜਹਾਜ਼ ਵੱਲੋਂ ਪ੍ਰਾਪਤ ਕੀਤੀ ਗਈ ਸਭ ਤੋਂ ਉੱਚੀ ਲੈਂਡਿੰਗ ਬਾਰੇ ਭਾਰਤੀ ਹਵਾਈ ਫ਼ੌਜ ਨੇ ਲਿਖਿਆ ਹੈ। ਫ਼ੌਜ ਨੇ ਅੱਗੇ ਕਿਹਾ ਹੈ ਕਿ ਇਹ ਕਾਮਯਾਬੀ ਜਹਾਜ਼ ਦੀਆਂ ਸਮਰੱਥਾਵਾਂ ਅਤੇ ਇਸ ਦੇ ਚਾਲਕ ਦਲ ਦੇ ਅਸਾਧਾਰਨ ਹੁਨਰ, ਸਟੀਕਤਾ ਅਤੇ ਪੇਸ਼ੇਵਰਤਾ ਨੂੰ ਦਰਸਾਉਂਦੀ ਹੈ।

---

ਕ੍ਰਿਕਟ ਵਿੱਚ ਨਿਊਜ਼ੀਲੈਂਡ ਵਿੱਚ ਵੈਲਿੰਗਟਨ ਵਿੱਚ ਖੇਡੇ ਜਾ ਰਹੇ ਦੂਜੇ ਇੱਕ ਰੋਜ਼ਾ ਮੈਚ ਵਿੱਚ ਭਾਰਤ ਨੂੰ 135 ਦੌੜਾਂ ਦਾ ਟੀਚਾ ਦਿੱਤਾ ਦਿੱਤਾ ਹੈ। ਭਾਰਤ ਨੇ ਨਿਊਜ਼ੀਲੈਂਡ ਦੀ ਪੂਰੀ ਟੀਮ ਨੂੰ 134 ਦੌੜਾਂ ਤੇ ਆਉਟ ਕਰ ਦਿੱਤਾ। ਆਖ਼ਰੀ ਖ਼ਬਰਾਂ ਮਿਲਣ ਸਮੇਂ ਤੱਕ ਭਾਰਤ ਨੇ 16 ਓਵਰਾਂ ਵਿੱਚ 65 ਦੌੜਾਂ ਬਣਾ ਲਈਆਂ ਸਨ ਅਤੇ ਇਸ ਦੇ 4 ਖਿਡਾਰੀ ਆਊਟ ਹੋਏ ਸਨ। ਮੀਂਹ ਕਾਰਨ ਮੈਚ ਹੁਣ 47-47 ਓਵਰਾਂ ਦਾ ਕਰ ਦਿੱਤਾ ਗਿਆ ਹੈ। ਭਾਰਤ ਪੰਜ ਮੈਚਾਂ ਦੀ ਲੜੀ ਵਿੱਚ ਇੱਕ ਸਿਫ਼ਰ ਨਾਲ ਅੱਗੇ ਹੈ।

---

**ਆਖ਼ਿਰ 'ਚ ਖ਼ਾਸ ਖ਼ਬਰਾਂ -**

- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਿਸੇ ਮੁਲਾਜ਼ਮ ਦੀ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਨਾ ਤਾਂ ਸਜ਼ਾ ਯੋਗ ਹੈ ਅਤੇ ਨਾ ਹੀ ਇਹ ਮੁਲਾਜ਼ਮ ਵੱਲੋਂ ਦੁਰਵਿਹਾਰ ਵੱਲੋਂ ਦਰਸਾਉਂਦੀ ਹੈ।
- ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਹੈ ਕਿ ਸਰਕਾਰ ਦਾ ਉਦੇਸ਼ ਭਾਰਤ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਆਲਮੀ ਆਗੂ ਬਣਾਉਣਾ ਹੈ।
- ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਅੱਜ ਦਸਵੰਧੀ ਬੋਤਸਵ ਮਨਾਇਆ ਜਾ ਰਿਹਾ ਹੈ, ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਮੁੱਖ ਮਹਿਮਾਨ ਹੋਣਗੇ।
- ਅੱਜ ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਜਾ ਰਿਹਾ ਹੈ।
- ਅਤੇ ਕ੍ਰਿਕਟ ਵਿੱਚ ਨਿਊਜ਼ੀਲੈਂਡ ਵਿੱਚ ਵੈਲਿੰਗਟਨ ਵਿਖੇ ਖੇਡੇ ਜਾ ਰਹੇ ਦੂਜੇ ਇੱਕ ਰੋਜ਼ਾ ਮੈਚ ਵਿੱਚ ਭਾਰਤ ਨੂੰ 135 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਇਸ ਦੇ ਨਾਲ ਹੀ ਸਾਡਾ ਇਹ ਬੁਲੇਟਿਨ ਖ਼ਤਮ ਹੁੰਦਾ ਹੈ, ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਸ਼ਾਮ 6:20 ਮਿੰਟ ਤੇ ਹੋਏਗਾ, ਨਮਸਕਾਰ।

---

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!